inlingua Victoria

College of Languages

Private Training Institutions Branch

# ਵਿਦਿਆਰਥੀਆਂ ਦੇ ਅਧਿਕਾਰਾਂ ਦਾ ਬਿਆਨ

ਸੰਸਥਾ ਦਾ ਨਾਮ ਬ੍ਰਿਟਿਸ਼ ਕੋਲੰਬੀਆ ਦੇ ਐਡਵਾਂਸਡ ਐਜੁਕੇਸ਼ਨ ਐਂਡ ਸਕਿੱਲ ਟ੍ਰੇਨਿੰਗ ਮੰਤਰਾਲੇ ਦੀ ਪ੍ਰਾਈਵੇਟ ਟ੍ਰੇਨਿੰਗ ਇੰਸਟੀਟਿਊਸ਼ਨਜ਼ ਬ੍ਰਾਂਚ (ਪੀਟੀਆਈਬੀ) (Private Training Institutions Branch (PTIB)) ਨਾਲ ਪ੍ਰਮਾਣਿਤ ਹੈ।

ਪ੍ਰਮਾਣਿਤ ਪ੍ਰਾਈਵੇਟ ਸਿਖਲਾਈ ਸੰਸਥਾ ਵਿਚ ਦਾਖਲਾ ਲੈਣ ਤੋਂ ਪਹਿਲਾਂ, ਤੁਹਾਨੂੰ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਤੋਂ ਜਾਣੂ ਹੋਣਾ ਚਾਹੀਦਾ ਹੈ।

ਤੁਹਾਨੂੰ ਸੰਸਥਾ ਦੁਆਰਾ **ਨਿਰਪੱਖਤਾ** ਅਤੇ **ਸਤਿਕਾਰਯੋਗ** ਢੰਗ ਨਾਲ ਵਿਵਹਾਰ ਕੀਤੇ ਜਾਣ ਦਾ ਅਧਿਕਾਰ ਹੈ।

ਤੁਹਾਡੇ ਕੋਲ **ਸਟੂਡੈਂਟ ਐਨਰੋਲਮੈਂਟ ਕੌਨਟ੍ਰੈਕਟ** ਕਰਨ ਦਾ ਹੱਕ ਹੈ ਜਿਸ ਵਿਚ ਹੇਠ ਲਿਖੀ ਜਾਣਕਾਰੀ ਸ਼ਾਮਲ ਹੈ:

- ਟਿਊਸ਼ਨ ਦੀ ਰਕਮ ਅਤੇ ਤੁਹਾਡੇ ਪ੍ਰੋਗਰਾਮ ਲਈ ਕੋਈ ਵਾਧੂ ਫੀਸ
- ਰਿਫੰਡ ਨੀਤੀ
- ਜੇ ਤੁਹਾਡੇ ਪ੍ਰੋਗਰਾਮ ਵਿੱਚ ਕੰਮ ਦਾ ਤਜਰਬਾ ਸ਼ਾਮਲ ਹੈ, ਕੰਮ ਦੇ ਤਜ਼ਰਬੇ ਵਿੱਚ ਹਿੱਸਾ ਲੈਣ ਦੀਆਂ ਜਰੂਰਤਾਂ ਅਤੇ ਭੂਗੋਲਿਕ ਖੇਤਰ ਜਿੱਥੇ ਇਹ ਪ੍ਰਦਾਨ ਕੀਤਾ ਜਾਵੇਗਾ
- ਕੀ ਪ੍ਰੋਗਰਾਮ ਨੂੰ PTIB ਨੇ ਮਨਜ਼ੂਰੀ ਦਿੱਤੀ ਸੀ ਜਾਂ ਮਨਜ਼ੂਰੀ ਦੀ ਲੋੜ ਨਹੀਂ ਹੈ।

ਦਸਤਖਤ ਕਰਨ ਤੋਂ ਪਹਿਲਾਂ ਕੌਨਟ੍ਰੈਕਟ ਨੂੰ ਪੜ੍ਹਨਾ ਸੁਨਿਸ਼ਚਿਤ ਕਰੋ। ਸੰਸਥਾ ਨੂੰ ਤੁਹਾਨੂੰ ਦਸਤਖਤ ਕੀਤੀ ਕਾਪੀ ਪ੍ਰਦਾਨ ਕਰਨਾ ਲਾਜ਼ਮੀ ਹੈ।

ਤੁਹਾਨੂੰ ਸੰਸਥਾ ਦੀ **ਵਿਵਾਦ ਦੇ ਹੱਲ ਦੀ ਪ੍ਰਕਿਰਿਆ** ਤਕ ਪਹੁੰਚਣ ਦਾ ਅਤੇ ਸ਼ਿਕਾਇਤ ਕੀਤੇ ਜਾਣ 'ਤੇ **ਬਦਲਾ ਲਏ ਜਾਣ ਤੋਂ ਸੁਰੱਖਿਆ** ਦਾ ਅਧਿਕਾਰ ਹੈ।

ਤੁਹਾਡੇ ਕੋਲ **ਟਿਊਸ਼ਨ ਰੀਫੰਡ** ਲਈ PTIB ਨੂੰ **ਦਾਅਵਾ** ਕਰਨ ਦਾ ਅਧਿਕਾਰ ਹੈ ਜੇ:

- ਤੁਹਾਡੇ ਦੁਆਰਾ ਪ੍ਰਵਾਨਿਤ ਪ੍ਰੋਗਰਾਮ ਨੂੰ ਪੂਰਾ ਕਰਨ ਤੋਂ ਪਹਿਲਾਂ ਤੁਹਾਡੀ ਸੰਸਥਾ ਦਾ ਸਰਟੀਫਿਕੇਟ ਖਤਮ ਹੋ ਗਿਆ
- ਤੁਹਾਨੂੰ ਆਪਣੇ ਪ੍ਰਵਾਨਿਤ ਪ੍ਰੋਗਰਾਮ ਦੇ ਇੱਕ ਮਹੱਤਵਪੂਰਨ ਪਹਿਲੂ ਬਾਰੇ ਗੁੰਮਰਾਹ ਕੀਤਾ ਗਿਆ ਸੀ।

ਤੁਹਾਨੂੰ ਆਪਣੇ ਪ੍ਰੋਗਰਾਮ ਨੂੰ ਪੂਰਾ ਕਰਨ, ਖਾਰਜ ਕੀਤੇ ਜਾਣ, ਜਾਂ ਵਾਪਸ ਲੈਣ ਦੇ **ਇਕ ਸਾਲ** ਦੇ ਅੰਦਰ-ਅੰਦਰ ਇਹ ਦਾਅਵਾ ਦਾਇਰ ਕਰਨਾ ਪਏਗਾ।

PTIB ਬਾਰੇ ਅਤੇ ਵਧੇਰੇ ਜਾਣਕਾਰੀ ਲਈ ਅਤੇ ਇੱਕ ਸੁਚਿਤ ਵਿਦਿਆਰਥੀ ਕਿਵੇਂ ਬਣਨਾ ਹੈ ਬਾਰੇ ਵਧੇਰੇ ਜਾਣਕਾਰੀ ਲਈ:
http://www.privatetraininginstitutions.gov.bc.ca/students/be-an-informed-student